## ਸੀ.ਬੀ.ਐਸ.ਈ/ਆਈ.ਸੀ ਐਸ.ਈ ਨਾਲ ਐਫਲੀਏਸ਼ਨ ਲੈਣ ਲਈ ਇਤਰਾਜ਼ਹੀਣਤਾ ਸਰਟੀਫਿਕੇਟ ਜਾਰੀ ਕਰਨ ਸੰਬੰਧੀ ਚੈੱਕ ਲਿਸਟ

| ਲੜੀ ਨੰ: | ਇਤਰਾਜ਼ਹੀਣਤਾ ਸਰਟੀਫਿਕੇਟ ਜਾਰੀ ਕਰਨ ਸੰਬੰਧੀ ਚੈੱਕ ਲਿਸਟ | ਨੱਥੀ ਸਬੂਤ | ਪੰਨਾ ਨੰ: |
|---|---|---|---|
| 1 | ਸੰਬੰਧਤ ਜ਼ਿਲ੍ਹਾਂ ਸਿੱਖਿਆ ਅਫਸਰ(ਸੈ:ਸਿ) ਵੱਲੋਂ ਕੀਤੀ ਗਈ ਇੰਸਪੈਕਸ਼ਨ/ਨਿਰੀਖਣ ਰਿਪੋਰਟ | | |
| 2 | ਜ਼ਿਲ੍ਹਾਂ ਸਿੱਖਿਆ ਅਫਸਰ ਵੱਲੋਂ ਜਾਰੀ ਕੀਤਾ ਸਿਫਾਰਿਸ਼ੀ ਪੱਤਰ(ਪ੍ਰੋਫਾਰਮਾ ਨੱਥੀ) | | |
| 3 | ਜ਼ਿਲ੍ਹਾਂ ਸਿੱਖਿਆ ਅਫਸਰ ਵੱਲੋ ਤਸਦੀਕ ਕੀਤਾ ਜਾਵੇ ਕਿ ਸਕੂਲ ਵਿੱਚ ਬੱਚਿਆਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ 100/-ਪ੍ਰਤੀ ਬੱਚੇ ਦੇ ਹਿਸਾਬ ਨਾਲ ਹੈੱਡ "0202-ਜਨਰਲ ਸਿੱਖਿਆ 800 ਅਦਰ ਰਸੀਦ"ਵਿੱਚ ਜਮਾਂ ਕੀਤੀ ਪ੍ਰੋਸੈਸਿੰਗ ਫੀਸ ਬਾਰੇ ਸਬੂਤ। ) | | |
| 4 | ਜ਼ਿਲ੍ਹਾਂ ਸਿੱਖਿਆ ਅਫਸਰ ਵੱਲੋਂ ਤਸਦੀਕ ਕੀਤਾ ਜਾਵੇ ਕਿ ਸਕੂਲ ਦੀ ਰਿਜਰਵ ਫੰਡ ਦੀ ਰਾਸ਼ੀ ਰੁਪਏ.......................ਬਣਦੀ ਹੈ। ਇਹ ਜ਼ਿਲ੍ਹਾ ਸਿੱਖਿਆ ਅਫਸਰ ਦੇ ਖਾਤੇ ਵਿੱਚ ਜਮ੍ਹਾਂ ਕਰਵਾ ਦਿੱਤੀ ਹੈ।ਇਹ ਰਾਸ਼ੀ ਸਕੂਲ ਵਿੱਚ ਕੰਮ ਕਰ ਰਹੇ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ ਦੇ ਛੇ ਮਹੀਨਿਆਂ ਦੀ ਤਨਖਾਹ ਦੇ ਬਰਾਬਰ ਬਣਦੀ ਹੈ। | | |
| 5 | ਜ਼ਿਲ੍ਹਾਂ ਸਿੱਖਿਆ ਅਫਸਰ ਸਕੂਲ ਦੀ ਸਥਾਪਨਾ ਦੀ ਮਿਤੀ ਸੰਬੰਧੀ ਤਸਦੀਕ ਕਰੇ। | | |
| 6 | 1.) ਜ਼ਿਲ੍ਹਾਂ ਸਿੱਖਿਆ ਅਫਸਰ ਤਸਦੀਕ ਕਰੇ ਕਿ ਇਹ ਸਕੂਲ ਇੱਕ ਰਜਿਸਟਰਡ ਸੰਸਥਾ ਵੱਲੋਂ ਚਲਾਇਆ ਜਾ ਰਿਹਾ ਹੈ।ਰਜਿਸਟ੍ਰੇਸ਼ਨ ਦੀ ਕਾਪੀ ਨਾਲ ਨੱਥੀ ਕੀਤੀ ਜਾਵੇ।<br>2.) ਮੈਨੇਜਿੰਗ ਕਮੇਟੀ ਦੇ ਮੈਂਬਰਾਂ ਦੀ ਲਿਸਟ ਵੀ ਨੱਥੀ ਕੀਤੀ ਜਾਵੇ।<br>3.) ਇਹ ਵੀ ਤਸਦੀਕ ਕੀਤਾ ਜਾਵੇ ਕਿ ਸਕੂਲ ਵਿੱਚ ਪੀ.ਟੀ.ਏ ਸੰਸਥਾ ਬਣੀ ਹੋਣ ਸਬੰਧੀ ਸਬੂਤ, ਮੈਂਬਰਾਂ ਦੀ ਲਿਸਟ ਅਤੇ ਸੰਵਿਧਾਨ ਦੀ ਕਾਪੀ। | | |
| 7 | ਦਾਖਲਾ ਖਾਰਜ ਰਜਿਸਟਰ ਅਨੁਸਾਰ ਵਿਦਿਆਰਥੀਆਂ ਦੇ ਪੂਰੇ ਵੇਰਵੇ ਪਤੇ ਦੀ ਲਿਸਟ ਨਾਲ ਨੱਥੀ ਕੀਤੀ ਜਾਵੇ। | | |
| 8 | 1.) ਜ਼ਿਲ੍ਹਾਂ ਸਿੱਖਿਆ ਅਫਸਰ ਸਕੂਲ ਦੀ ਜ਼ਮੀਨ ਆਪਣੀ ਹੋਣ ਸੰਬੰਧੀ ਤਹਿਸੀਲਦਾਰ ਵੱਲੋਂ ਸਿੰਗਲ ਪਲਾਟ ਹੋਣ ਸੰਬੰਧੀ ਜਾਰੀ ਕੀਤਾ ਸਰਟੀਫਿਕੇਟ ਵੈਰੀਫਾਈ ਕਰਕੇ ਭੇਜੇ।<br>2.) ਇਹ ਵੀ ਤਸਦੀਕ ਕੀਤਾ ਜਾਵੇ ਕਿ ਸਕੂਲ ਸ਼ਹਿਰੀ ਜਾਂ ਪੇਂਡੂ ਖੇਤਰ ਵਿੱਚ ਪੈਂਦਾ ਹੈ।ਜੇਕਰ ਸਕੂਲ ਪੇਂਡੂ ਖੇਤਰ ਵਿੱਚ ਹੋਵੇ ਤਾਂ ਘੱਟੋ-ਘੱਟ 2 ਏਕੜ ਅਤੇ ਜੇਕਰ ਸ਼ਹਿਰੀ ਵਿੱਚ ਹੋਵੇ ਤਾਂ ਘੱਟੋ ਘੱਟ 1 ਏਕੜ ਜ਼ਮੀਨ ਹੋਣ ਸੰਬੰਧੀ ਤਹਿਸੀਲਦਾਰ ਤੋਂ ਸਰਟੀਫਿਕੇਟ ਲੈ ਕੇ ਭੇਜਿਆ ਜਾਵੇ।<br>3.) ਜੇਕਰ ਜ਼ਮੀਨ ਪਟੇ ਤੇ ਲਈ ਹੋਵੇ ਤਾਂ ਉਹ ਘੱਟੋ ਘੱਟ 30 ਸਾਲ ਲਈ ਹੋਵੇ ਤਾਂ ਘੱਟੋ-ਘੱਟ 30 ਸਾਲਾਂ ਲੀਜ ਤਹਿਸੀਲਦਾਰ ਵੱਲੋਂ ਤਸਦੀਕ ਕੀਤੀ ਕਾਪੀ। | | |
| 9 | ਜ਼ਿਲ੍ਹਾਂ ਸਿੱਖਿਆ ਅਫਸਰ ਤਸਦੀਕ ਕਰੇ ਕਿ ਸਕੂਲ ਦੀ ਆਪਣੀ ਇਮਾਰਤ, ਕਮਰਿਆਂ ਦੀ ਗਿਣਤੀ, ਬੱਚਿਆਂ ਦੀ ਲੋੜ ਅਨੁਸਾਰ ਲੋੜੀਂਦੇ ਫਰਨੀਚਰ, ਖੇਡਾਂ ਦਾ ਸਾਜੋ ਸਮਾਨ, ਸਕੂਲ ਦੀ ਪਲੇ ਗਰਾਊਂਡ ਆਦਿ ਸਮਾਨ ਦੀ ਲਿਸਟ ਅਤੇ ਸਕੂਲ ਦੇ ਨਕਸ਼ੇ ਦੀ ਕਾਪੀ ਨੱਥੀ ਕੀਤੀ ਜਾਵੇ। | | |
| 10 | ਪੀ.ਡਬਲਿਊ ਵੱਲੋਂ ਜਾਰੀ ਕੀਤਾ ਸਰਟੀਫਿਕੇਟ ਵੀ ਉਸੇ ਸੈਸ਼ਨ ਦਾ ਜਾਰੀ ਕੀਤਾ ਜਾਵੇ ਜਿਸ ਸੈਸ਼ਨ ਦੌਰਾਨ ਇਤਰਾਜਹੀਣਤਾ ਸਰਟੀਫਿਕੇਟ ਲੈਣ ਲਈ ਅਪਲਾਈ ਕੀਤਾ ਜਾਂਦਾ ਹੈ।(ਜਿਲ੍ਹਾ ਸਿੱਖਿਆ ਅਫਸਰ ਵੱਲੋਂ ਵੀ ਤਸਦੀਕ ਕੀਤਾ ਜਾਵੇ) | | |
| 11 | ਫਾਇਰ ਸੇਫਟੀ ਸਰਟੀਫਿਕੇਟ ਸਮਰੱਥ ਅਧਿਕਾਰੀ ਤੋਂ ਪ੍ਰਾਪਤ ਕਰਕੇ ਨਾਲ ਨੱਥੀ ਕੀਤਾ ਜਾਵੇ।(ਜਿਲ੍ਹਾ ਸਿੱਖਿਆ ਅਫਸਰ ਵੱਲੋਂ ਵੀ ਤਸਦੀਕ ਕੀਤਾ ਜਾਵੇ) | | |
| 12 | ਸਕੂਲ ਵਿੱਚ ਪੀਣ ਵਾਲੇ ਪਾਣੀ ਸੰਬੰਧੀ ਸਰਟੀਫਿਕੇਟ ਸਮਰੱਥ ਅਧਿਕਾਰੀ ਤੋਂ ਪ੍ਰਾਪਤ ਕਰਕੇ ਨੱਥੀ ਕੀਤਾ ਜਾਵੇ ਅਤੇ ਲੈਬਾਰਟਰੀ ਦੀ ਰਿਪੋਰਟ ਦੀ ਕਾਪੀ ਵੀ ਭੇਜੀ ਜਾਵੇ। | | |
| 13 | ਜ਼ਿਲ੍ਹਾਂ ਸਿੱਖਿਆ ਅਫਸਰ ਵੱਲੋਂ ਇਹ ਵੀ ਤਸਦੀਕ ਕੀਤਾ ਜਾਵੇ ਕਿ (ਕੁੜੀਆਂ ਅਤੇ ਮੁੰਡਿਆਂ) ਲਈ ਅਲੱਗ ਅਲੱਗ ਸ਼ੌਚਾਲਿਆ ਦਾ ਅਲੱਗ ਅਲੱਗ ਉਪਬੰਧ ਹੋਣ ਸਬੰਧੀ ਦਿੱਤਾ ਗਿਆ ਸਰਟੀਫਿਕੇਟ। | | |

| | | | |
|---|---|---|---|
| 14 | ਫਿਜਿਕਸ,ਕੈਮਿਸਟਰੀ ਅਤੇ ਬਾਇਲੋਜੀ ਸੰਬੰਧੀ ਵੱਖੋ-ਵੱਖਰੀਆਂ ਪ੍ਰੋਯੋਗਸ਼ਾਲਾਵਾਂ ਸੰਬੰਧੀ ਜ਼ਿਲ੍ਹਾਂ ਸਿੱਖਿਆ ਅਫਸਰ ਵੱਲੋਂ ਤਸਦੀਕ ਕੀਤਾ ਗਿਆ ਸਰਟੀਫਿਕੇਟ। | | |
| 15 | ਸਕੂਲ ਦੇ ਬੱਚਿਆਂ ਨੂੰ ਕੰਪਿਊਟਰ ਸਿੱਖਿਆ ਸਬੰਧੀ ਦਿੱਤਾ ਗਿਆ ਸਰਟੀਫਿਕੇਟ, ਕੰਪਿਊਟਰ ਅਤੇ ਲੋੜੀਂਦੇ ਸਮਾਨ ਦੀ ਲਿਸਟ । | | |
| 16 | ਜ਼ਿਲ੍ਹਾਂ ਸਿੱਖਿਆ ਅਫਸਰ ਵੱਲੋਂ ਤਸਦੀਕ ਕੀਤਾ ਜਾਵੇ ਕਿ ਸਕੂਲ ਵਿੱਚ ਐਕਸਟਰਾ ਕ-ਕਰੀਕੁਲਰ ਐਕਟੀਵਿਟੀ ਕਰਵਾਈਆਂ ਜਾਂਦੀਆਂ ਹਨ ਅਤੇ ਐਸ.ਯੂ.ਪੀ.ਡਬਲਿਊ ਵਰਕਸ਼ਾਪ ਸਕੂਲ ਵਿੱਚ ਚਾਲੂ ਹੈ। | | |
| 17 | ਸਕੂਲ ਦੇ ਵਿਦਿਆਰਥੀਆਂ ਅਤੇ ਟੀਚਿੰਗ ਸਟਾਫ ਦੇ ਅਨੁਪਾਤ ਸੰਬੰਧੀ ਸਰਟੀਫਿਕੇਟ। | | |
| 18 | ਤਸਦੀਕ ਕੀਤਾ ਜਾਵੇ ਕਿ ਸਕੂਲ ਦੀ ਲਾਇਬ੍ਰੇਰੀ ਵਿੱਚ ਘੱਟੋ-ਘੱਟ 2000 ਪੁਸਤਕਾਂ ਹੋਣ ਸਬੰਧੀ ਦਿੱਤਾ ਗਿਆ ਸਰਟੀਫਿਕੇਟ ਅਤੇ ਕਿਤਾਬਾਂ ਦੀ ਲਿਸਟ। | | |
| 19 | ਤਸਦੀਕ ਕੀਤਾ ਜਾਵੇ ਕਿ ਸਕੂਲ ਵਿੱਚ ਪੜ੍ਹਦੇ ਮਾਇਗ੍ਰੇਟਰੀ ਸਟਾਫ ਦੇ ਬੱਚਿਆ ਨੂੰ ਦਾਖਲ ਕਰਨ ਸਬੰਧੀ ਦਿੱਤਾ ਗਿਆ ਸਰਟੀਫਿਕੇਟ, ਬੱਚਿਆ ਦੀ ਲਿਸਟ, ਮਾਪਿਆਂ ਦਾ ਕਿੱਤਾ ਅਤੇ ਐਡਰੈਸ। (ਨੱਥੀ ਕੀਤਾ ਜਾਵੇ) | | |
| 20 | ਆਰ.ਟੀ.ਈ./125 ਅਧੀਨ ਸਰਟੀਫਿਕੇਟ। | | |
| 21 | ਤਸਦੀਕ ਕੀਤਾ ਜਾਵੇ ਸਕੂਲ ਦਾ ਸਟਾਫ ਦੇ ਨਿਪੁੰਨ ਹੋਣ, ਉਨ੍ਹਾਂ ਨੂੰ ਤਨਖਾਹ ਸਰਕਾਰੀ ਟੀਚਿੰਗ ਦੀ ਬੇਸਿਕ ਪੇ ਪਲੱਸ ਗ੍ਰੇਡ ਪੇ ਦੇ ਬਰਾਬਰ ਚੈਕਾਂ ਰਾਹੀਂ ਦੇਣ ਸਬੰਧੀ ਸਰਟੀਫਿਕੇਟ ਅਧਿਆਪਕਾਵਾਂ ਦੀਆਂ ਯੋਗਤਾਵਾਂ ਦੇ ਸਰਟੀਫਿਕੇਟ ਅਤੇ ਐਗਰੀਮੈਂਟਾਂ ਦੀਆਂ ਕਾਪੀਆਂ ਨੱਥੀ ਕੀਤੀਆਂ ਜਾਣ। | | |
| 22 | ਸਕੂਲ ਦੇ ਆਮਦਨ ਅਤੇ ਖਰਚੇ ਦੀ ਡੀਟੇਲ ਸੰਬੰਧੀ ਪਿਛਲੇ ਤਿੰਨ ਸਾਲਾਂ ਦੀਆਂ ਬੇਲੈਂਸ ਸੀਟਾਂ ਨੱਥੀ ਕੀਤੀਆਂ ਜਾਣ। | | |
| 23 | ਸਕੂਲ ਸਿੱਖਿਆ ਵਿਭਾਗ ਵੱਲੋਂ ਸਕੂਲ ਦੇ ਨਿਰੀਖਣ ਸਮੇਂ ਸਿੱਖਿਆ ਅਧਿਕਾਰੀਆਂ ਨੂੰ ਖੁੱਲੋਣ ਅਤੇ ਲੋੜੀਂਦਾ ਰਿਕਾਰਡ ਉਪਲੱਬਧ ਕਰਾਉਣ ਅਤੇ ਸਮੇਂ ਸਮੇਂ ਸਿਰ ਵਿਭਾਗ/ਸਰਕਾਰ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਸਬੰਧੀ ਮੈਨੇਜਿੰਗ ਕਮੇਟੀ ਵੱਲੋਂ ਦਿੱਤਾ ਗਿਆ ਹਲਫੀਆ ਬਿਆਨ। | | |
| 24 | ਜ਼ਿਲ੍ਹਾਂ ਸਿੱਖਿਆ ਅਫਸਰ ਇਹ ਤਸਦੀਕ ਕਰੇਗਾ। ਇਹ ਸਕੂਲ ਐਜੂਕੇਸ਼ਨ ਕੋਡ ਦੀ ਧਾਰਾ 232,233 ਵਿੱਚ ਦਰਜ ਸ਼ਰਤਾਂ ਪੂਰੀਆਂ ਕਰਦਾ ਹੈ ਅਤੇ ਇਹ ਸਕੂਲ ਨੂੰ ਇਤਰਾਜ਼ਹੀਣਤਾ ਸਰਟੀਫਿਕੇਟ ਕਰਨ ਦੇ ਯੋਗ ਹੈ। | | |
| 25 | ਸਕੂਲ ਦੇ ਬੱਚਿਆਂ ਨੂੰ ਪੰਜਾਬੀ ਵਿਸ਼ਾ ਲਾਜਮੀ ਵਿਸ਼ੇ ਦੇ ਤੌਰ ਤੇ ਪੜਾਉਣ ਸਬੰਧੀ ਚੇਅਰਮੈਨ ਅਤੇ ਪ੍ਰਿੰਸੀਪਲ ਵੱਲੋਂ ਦਿੱਤਾ ਗਿਆ ਹਲਫੀਆ ਬਿਆਨ। | | |
| 26 | ਸਕੂਲ ਦੀ ਸੋਸਾਇਟੀ Non Proprietary in nature ਹੋਣ ਸਬੰਧੀ ਮੈਨੇਜਮੈਂਟ ਕਮੇਟੀ ਵੱਲੋਂ ਦਿੱਤਾ ਗਿਆ ਹਲਫੀਆ ਬਿਆਨ। | | |
| 27 | ਪ੍ਰਧਾਨ ਅਤੇ ਪ੍ਰਿੰਸੀਪਲ ਵੱਲੋਂ ਸਕੂਲ ਦੀ ਟਰਾਂਸਪੋਰਟ ਆਪਣੀ ਹੋਣ ਜਾਂ ਨਾ ਹੋਣ ਸੰਬੰਧੀ ਹਲਫੀਆਂ ਬਿਆਨ । | | |
| 28 | ਸੰਸਥਾ ਟਾਊਨ ਪਲਾਨਰ/ਕੰਪੀਟੈਂਟ ਅਥਾਰਟੀ ਤੋਂ **ਸੀ.ਐਲ.ਯੂ** ਜਾਰੀ ਕਰਵਾਕੇ ਅਤੇ ਨਕਸ਼ਾ ਪਾਸ ਕਰਵਾ ਕੇ ਤਸਦੀਕਸ਼ੁਦਾ ਕਾਪੀ ਦਾ ਸਰਟੀਫਿਕੇਟ (Clearance User Land) | | |
| 29 | "ਦ ਪੰਜਾਬ ਰੈਗੂਲੇਸ਼ਨ ਆਫ ਫੀਸ ਆਫ ਅਨ-ਏਡਿਡ ਐਜੂਕੇਸ਼ਨਲ ਇੰਸਟੀਟਿਊਟਸ ਐਕਟ, 2016" ਸਬੰਧੀ ਐਫੀਲਿਏਸ਼ਨ | | |

ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-3 ਸ਼ਾਖਾ)

ਸੇਵਾ ਵਿਖੇ

1. ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ
ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਮੋਹਾਲੀ।
2. ਡਾਇਰੈਕਟਰ ਸਿੱਖਿਆ ਵਿਭਾਗ (ਐ:ਸਿ) ਪੰਜਾਬ
ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਮੋਹਾਲੀ।
3. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ), ਪੰਜਾਬ।
4. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ:ਸਿ), ਪੰਜਾਬ।

ਮੀਮੋ ਨੰ: 2/93/2009-3ਸਿ3/1360154/4
ਮਿਤੀ, ਚੰਡੀਗੜ੍ਹ: 26/11/2018

ਵਿਸ਼ਾ : ਸੀ.ਬੀ.ਐਸ.ਈ/ਆਈ.ਸੀ.ਐਸ.ਈ ਨਾਲ ਸਕੂਲਾਂ ਵੱਲੋਂ ਐਫੀਲੀਏਸ਼ਨ ਲੈਣ ਲਈ ਪਾਲਿਸੀ ਬਣਾਉਣ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

(1) ਨਵੇ ਸਕੂਲ ਦੀ ਸਥਾਪਨਾ ਸਬੰਧੀ :

ਜਦੋ ਵੀ ਕਿਸੇ ਵੀ ਮੈਨੇਜਮੈਂਟ ਕਮੇਟੀ ਵੱਲੋ ਪੰਜਾਬ ਰਾਜ ਵਿੱਚ ਨਵੇ ਸਕੂਲ ਦੀ ਸਥਾਪਨਾ ਕੀਤੀ ਜਾਣੀ ਹੈ ਤਾਂ ਉਸ ਨੂੰ ਇਸ ਦੀ ਆਗਿਆ ਡਾਇਰੈਕਟਰ ਸਿੱਖਿਆ ਵਿਭਾਗ (ਐ:ਸਿ) ਤੋ ਲੈਣੀ ਜ਼ਰੂਰੀ ਹੋਵੇਗੀ ਜਿਸ ਦਾ ਪ੍ਰੋਫਾਰਮਾ ਨਾਲ ਨੱਥੀ ਹੈ। ਇਸ ਦੀ ਪ੍ਰੋਸੈਸਿੰਗ ਫੀਸ ਇੱਕ ਹਜ਼ਾਰ ਰੁਪਏ ਹੋਵੇਗੀ ਜੋ "0202-ਜਨਰਲ ਸਿੱਖਿਆ 800 ਅਦਰ ਰਸੀਦ" ਵਿੱਚ ਜਮ੍ਹਾਂ ਕਰਵਾਈ ਜਾਵੇਗੀ।

(2) ਅਪਗ੍ਰੇਡੇਸ਼ਨ :

ਜਦੋ ਕੋਈ ਵੀ ਸਕੂਲ ਮੈਨੇਜਮੈਂਟ ਕਮੇਟੀ ਆਪਣੇ ਸਕੂਲ ਨੂੰ ਅਪਗ੍ਰੇਡ ਕਰਨ ਦੀ ਇੱਛਕ ਹੋਵੇਗੀ ਭਾਵ ਪ੍ਰਾਇਮਰੀ ਤੋਂ ਮਿਡਲ (5ਵੀਂ ਤੋਂ 8ਵੀਂ), ਮਿਡਲ ਤੋਂ ਹਾਈ (8ਵੀਂ ਤੋਂ 10ਵੀਂ), ਹਾਈ ਤੋਂ ਸੀਨੀਅਰ ਸੈਕੰਡਰੀ ਸਕੂਲ (10ਵੀਂ ਤੋਂ 12ਵੀਂ) ਤਾਂ ਉਸ ਨੂੰ ਇਸ ਦੀ ਆਗਿਆ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ ਤੋ ਪ੍ਰਾਪਤ ਕਰਨੀ ਹੋਵੇਗੀ। ਇਸ ਦੀ ਪ੍ਰੋਸੈਸਿੰਗ ਫੀਸ ਹਰ ਇੱਕ ਪੱਧਰ ਦੀ ਅਪਗ੍ਰੇਡੇਸ਼ਨ ਲਈ ਇੱਕ ਹਜ਼ਾਰ ਰੁਪਏ ਹੋਵੇਗੀ। ਜੋ ਜ਼ਿਲ੍ਹਾ ਸਿੱਖਿਆ ਅਫਸਰ "0202-ਜਨਰਲ ਸਿੱਖਿਆ 800 ਅਦਰ ਰਸੀਦ" ਵਿੱਚ ਜਮ੍ਹਾਂ ਕਰਵਾਉਣਗੇ।

Scanned by CamScanner
Scanned by CamScanner

2

(3) मानता → ਮਾਨਤਾ (ਰੈਕੋਗਨੀਸ਼ਨ) :

ਜਦੋ ਮੈਨੇਜਮੈਂਟ ਕਮੇਟੀ ਸਕੂਲ ਖੋਲ੍ਹਣ ਦੀ ਆਗਿਆ ਸਬੰਧਤ ਅਥਾਰਟੀ ਤੋ ਪ੍ਰਾਪਤ ਕਰ ਲੈਂਦੀ ਹੈ ਤਾਂ ਫਿਰ ਉਸ ਨੂੰ ਰੀਕੋਗਨਾਈਜੇਸ਼ਨ ਪ੍ਰਾਪਤ ਕਰਨੀ ਹੋਵੇਗੀ। ਜਿਸ ਦੀ ਪ੍ਰੋਸੈਸਿੰਗ ਫੀਸ ਹੇਠ ਲਿਖੇ ਅਨੁਸਾਰ ਹੋਵੇਗੀ :

| ਲੜੀ ਨੰ: | ਰੀਕੋਗਨਾਈਜੇਸ਼ਨ ਦਾ ਪੱਧਰ | ਸਮਰੱਥ ਅਧਿਕਾਰੀ | ਪ੍ਰੋਸੈਸਿੰਗ ਫੀਸ |
|---|---|---|---|
| 1 | ਪ੍ਰਾਇਮਰੀ | ਜ਼ਿਲ੍ਹਾ ਸਿੱਖਿਆ ਅਫਸਰ, ਐਲੀਮੈਂਟਰੀ ਸਿੱਖਿਆ, | 40,000/- |
| 2 | ਮਿਡਲ | ਡਾਇਰੈਕਟਰ ਸਿੱਖਿਆ ਵਿਭਾਗ (ਐ:ਸਿ) | 50,000/- |
| 3 | ਹਾਈ | ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) | 75,000/- |
| 4 | ਸੀਨੀਅਰ ਸਕੈਂਡਰੀ | ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) | 1,00,000/- |

ਇਹ ਪ੍ਰੋਸੈਸਿੰਗ ਫੀਸ ਹੈੱਡ "0202 - ਜਨਰਲ ਸਿੱਖਿਆ 800 ਅਦਰ ਰਸੀਦ" ਵਿੱਚ ਜਮ੍ਹਾਂ ਕਰਵਾਈ ਜਾਵੇ ਅਤੇ ਸਬੂਤ ਪੇਸ਼ ਕੀਤੇ ਜਾਣ।ਜਦੋਂ ਪੰਜਵੀਂ ਅਤੇ ਅੱਠਵੀਂ ਪੱਧਰ ਦੀ ਮਾਨਤਾ ਜਾਰੀ ਕੀਤੀ ਜਾਂਦੀ ਹੈ ਤਾਂ ਜ਼ਿਲ੍ਹਾ ਸਿੱਖਿਆ ਅਫਸਰ (ਐ:ਸਿ) ਇਹ ਯਕੀਨੀ ਬਣਾਉਣਗੇ ਕਿ ਦਿੱਤੀ ਮਾਨਤਾ ਵਿੱਚ ਸਕੂਲ ਆਰ.ਟੀ.ਈ ਐਕਟ ਦੇ ਸਾਰੇ ਨਿਯਮਾਂ ਨੂੰ ਪੂਰਾ ਕਰਦਾ ਹੈ।

(4) ਨਵਾਂ ਸਕੂਲ ਸਥਾਪਿਤ ਕਰਨ ਵਾਸਤੇ ਲੋੜੀਂਦੇ ਦਸਤਾਵੇਜਾਂ ਦੀ ਸੂਚੀ –

i. ਸਕੂਲ/ ਮੈਨੇਜਮੈਂਟ ਕਮੇਟੀ -

(ੳ) ਸਕੂਲ ਇੱਕ ਰਜਿਸਟਰਡ ਸੰਸਥਾ ਵੱਲੋਂ ਚਲਾਇਆ ਜਾ ਰਿਹਾ ਹੋਵੇ। ਰਜਿਸਟ੍ਰੇਸ਼ਨ ਦੀ ਕਾਪੀ ਨਾਲ ਨੱਥੀ ਕੀਤੀ ਜਾਵੇ।

(ਅ) ਮੈਨੇਜਿੰਗ ਕਮੇਟੀ ਦੇ ਮੈਂਬਰਾਂ ਦੀ ਸੂਚੀ ਅਤੇ ਸੰਵਿਧਾਨ ਦੀ ਕਾਪੀ ਨਾਲ ਲਗਾਈ ਜਾਵੇ।

ii. ਜ਼ਮੀਨ ਦੀ ਮਲਕੀਅਤ ਸਬੰਧੀ :

(ੳ) ਜੇਕਰ ਸਕੂਲ ਪੇਂਡੂ ਖੇਤਰ ਵਿੱਚ ਹੋਵੇ ਤਾਂ ਘੱਟੋ ਘੱਟ ਜਮੀਨ 2 ਏਕੜ ਅਤੇ ਜੇਕਰ ਸ਼ਹਿਰੀ ਖੇਤਰ ਵਿੱਚ ਹੋਵੇ ਤਾਂ ਘੱਟੋ ਘੱਟ ਜਮੀਨ ਇੱਕ ਏਕੜ ਹੋਵੇ।

(ਅ) ਸਕੂਲ ਦੀ ਜ਼ਮੀਨ ਦੀ ਆਪਣੀ ਮਾਲਕੀ ਹੋਣ, ਜਮੀਨ ਸਿੰਗਲ/ਕਮਪੈਕਟ ਪਲਾਟ, ਪੇਂਡੂ ਜਾਂ ਸ਼ਹਿਰੀ ਹੋਣ ਅਤੇ ਇਸਦੇ ਰਕਬੇ ਬਾਰੇ ਸਬੰਧਤ ਤਹਿਸੀਲਦਾਰ ਵੱਲੋਂ ਜਾਰੀ ਕੀਤਾ ਸਰਟੀਫਿਕੇਟ ।

Scanned by CamScanner
Scanned by CamScanner

3

(ੲ) ਜੇਕਰ ਜ਼ਮੀਨ ਪਟੇ ਤੇ ਲਈ ਹੋਵੇ ਤਾਂ ਉਹ ਘੱਟੋ ਘੱਟ 30 ਸਾਲ ਲਈ ਹੋਵੇ ਅਤੇ ਘੱਟੋ ਘੱਟ 30 ਸਾਲਾਂ ਲੀਜ਼ ਸਬੰਧੀ ਸਰਟੀਫਿਕੇਟ/ ਲੀਜ਼ ਡੀਡ ਤਹਿਸੀਲਦਾਰ ਵੱਲੋ ਜਾਰੀ ਕੀਤਾ ਹੋਵੇ।

iii. ਬਿਲਡਿੰਗ ਅਤੇ ਬਿਲਡਿੰਗ ਸੇਫਟੀ ਸਰਟੀਫਿਕੇਟ :

(ੳ) ਜੇਕਰ ਇਮਾਰਤ ਉਸਰੀ ਹੋਵੇ ਤਾਂ ਸਬੂਤ ਵਜੋਂ ਸਮਰੱਥ ਅਧਿਕਾਰੀ ਤੋਂ ਜਾਰੀ ਮੰਨਜੂਰਸ਼ੁਦਾ ਨਕਸ਼ੇ ਦੀ ਕਾਪੀ ਨਾਲ ਲਗਾਈ ਜਾਵੇ।

(ਅ) ਪੀ.ਡਬਲਿਯੂ.ਡੀ. ਵਿਭਾਗ ਵੱਲੋ ਜਾਰੀ ਕੀਤਾ ਬਿਲਡਿੰਗ ਸੇਫਟੀ ਸਰਟੀਫਿਕੇਟ 4 ਸਾਲਾਂ ਲਈ ਯੋਗ ਹੋਵੇ।

iv. ਪੀਣ ਯੋਗ ਪਾਣੀ ਅਤੇ ਸ਼ੌਚਾਲਿਆ :

(ੳ) ਸਕੂਲ ਵਿੱਚ ਪੀਣ ਵਾਲੇ ਪਾਣੀ ਸਬੰਧੀ ਸਰਟੀਫਿਕੇਟ ਸਮਰੱਥ ਅਧਿਕਾਰੀ ਤੋਂ ਪ੍ਰਾਪਤ ਕਰਕੇ ਨੱਥੀ ਕੀਤਾ ਜਾਵੇ ਅਤੇ ਇਸ ਸਬੰਧੀ ਲੈਬਾਰਟਰੀ ਰਿਪੋਰਟ ਦੀ ਕਾਪੀ ਵੀ ਨੱਥੀ ਕੀਤੀ ਜਾਵੇ।

(ਅ) ਸਕੂਲ ਵਿੱਚ ਕੁੜੀਆਂ ਅਤੇ ਮੁੰਡਿਆਂ ਲਈ ਸ਼ੌਚਾਲਿਆ ਦਾ ਅਲੱਗ ਅਲੱਗ ਪ੍ਰਬੰਧ ਹੋਣਾ ਚਾਹੀਦਾ ਹੈ। Additional toilet to be added after every 200 students.

v. ਸੀ.ਐਲ.ਯੂ. -

ਕੰਪੀਟੈਂਟ ਅਥਾਰਟੀ ਤੋ ਸੀ.ਐਲ.ਯੂ ਜਾਰੀ ਕਰਵਾ ਕੇ ਅਤੇ ਨਕਸ਼ਾ ਪਾਸ ਕਰਵਾ ਕੇ ਸਰਟੀਫਿਕੇਟ ਦੀ ਤਸਦੀਕਸ਼ੁਦਾ ਕਾਪੀ ਲਗਾਈ ਜਾਵੇ।

vi. ਇਸ ਸਬੰਧ ਵਿੱਚ ਹੇਠ ਲਿਖੇ ਨੁਕਤਿਆਂ ਸਬੰਧੀ ਹਲਫੀਆ ਬਿਆਨ Annexure A ਅਨੁਸਾਰ ਲਗਾਇਆ ਜਾਵੇ।

ੳ) ਉਕਤ ਸਕੂਲ ਵਿੱਚ ਕੁੜੀਆਂ ਅਤੇ ਮੁੰਡਿਆਂ ਲਈ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਸ਼ੌਚਾਲਿਆ ਦਾ ਅਲੱਗ ਅਲੱਗ ਪ੍ਰਬੰਧ ਹੈ।

ਅ) ਉਕਤ ਸਕੂਲ ਦੀ ਮੈਨੇਜਮੈਂਟ ਭਾਰਤ/ ਪੰਜਾਬ ਸਰਕਾਰ ਵੱਲੋਂ ਕਰਮਚਾਰੀਆਂ (ਟੀਚਿੰਗ + ਨਾਨ ਟੀਚਿੰਗ) ਅਤੇ ਵਿਦਿਆਰਥੀਆਂ ਦੀ ਵੈਲਫੇਅਰ ਵਾਸਤੇ, ਮੌਜੂਦਾ/ ਭਵਿੱਖ ਵਿੱਚ, ਜਾਰੀ/ ਜਾਰੀ ਹੋਣ ਵਾਲੇ, ਐਕਟਾਂ/ ਨਿਯਮਾਂ ਅਤੇ ਹਦਾਇਤਾਂ ਦੀ ਪਾਲਣਾ ਕਰਨ ਲਈ ਪਾਬੰਧ ਹੋਵੇਗੀ।

ੲ) ਉਕਤ ਸਕੂਲ ਦੀ ਮੈਨੇਜਮੈਂਟ ਟਰਾਸਪੋਰਟ ਵਿਭਾਗ ਵੱਲੋ ਟਰਾਂਸਪੋਰਟ ਸਬੰਧੀ ਮੌਜੂਦਾ/ ਭਵਿੱਖ ਵਿੱਚ ਜਾਰੀ/ ਜਾਰੀ ਹੋਣ ਵਾਲੇ, ਐਕਟਾਂ/ ਨਿਯਮਾਂ ਅਤੇ ਹਦਾਇਤਾਂ ਦੀ ਪਾਲਣਾ ਕਰਨ ਲਈ ਪਾਬੰਦ ਹੋਵੇਗੀ।

Scanned by CamScanner
Scanned by CamScanner

ਸ) ਉਕਤ ਸਕੂਲ ਦੀ ਮੈਨੇਜਮੈਂਟ ਆਪਣੇ ਸਕੂਲ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਪੰਜਾਬੀ ਵਿਸ਼ਾ ਲਾਜ਼ਮੀ ਵਿਸ਼ੇ ਦੇ ਤੌਰ ਤੇ ਪੜ੍ਹਾਵੇਗੀ।

ਹ) ਉਕਤ ਸਕੂਲ ਦੀ ਮੈਨੇਜਮੈਂਟ ਇਹ ਵੀ ਬਿਆਨ ਕਰਦੀ ਹੈ ਕਿ ਸਕੂਲ ਦੇ ਨਿਰੀਖਣ ਲਈ, ਜਦੋਂ ਵੀ ਸਿੱਖਿਆ ਵਿਭਾਗ ਦੇ ਅਧਿਕਾਰੀ ਆਉਣਗੇ, ਉਨ੍ਹਾਂ ਲਈ, ਮੈਨੇਜਮੈਂਟ ਸਕੂਲ ਖੁਲ੍ਹਾ ਰੱਖੇਗੀ ਅਤੇ ਲੋੜੀਦਾ ਰਿਕਾਰਡ ਉਪਲੱਬਧ ਕਰਵਾਉਣਗੇ ਅਤੇ ਸਮੇਂ ਸਮੇਂ ਸਿਰ ਵਿਭਾਗ /ਸਰਕਾਰ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਨਗੇ।

ਕ) ਇਸ ਸਕੂਲ ਦੀ ਸੋਸਾਇਟੀ Non Proprietary in nature ਹੈ।

ਖ) ਮਾਈਗਰੇਟਰੀ ਵਿਦਿਆਰਥੀ ਜਿਵੇਂ ਕਿ ਆਰਮੀ, ਪੈਰਾ ਡਿਫੈਂਸ ਪਰਸਨ ਅਤੇ ਕੇਂਦਰ ਸਰਕਾਰ ਦੇ ਮੁਲਾਜ਼ਮਾਂ ਦੇ ਵਿਦਿਆਰਥੀਆਂ ਨੂੰ ਆਪਣੇ ਸਕੂਲ ਦੇ ਅੰਦਰ ਦਾਖਲਾ, ਸਰਕਾਰ ਦੁਆਰਾ ਜਾਰੀ ਨਿਯਮਾਂ ਅਨੁਸਾਰ ਦੇਣ ਲਈ ਪਾਬੰਧ ਹੋਵੇਗੀ।

(5) <u>ਮਾਨਤਾ</u> - ਜਦੋਂ ਸਬੰਧਤ ਸਕੂਲ ਦੀ ਮੈਨੇਜਮੈਂਟ ਨਵੇਂ ਸਕੂਲ ਨੂੰ ਸਥਾਪਿਤ ਕਰਨ ਦੀ ਆਗਿਆ ਸਮਰੱਥ ਅਧਿਕਾਰੀ ਤੋਂ ਪ੍ਰਾਪਤ ਕਰ ਲੈਂਦੀ ਹੈ, ਤਾਂ ਫਿਰ ਉਸਨੂੰ ਸਕੂਲ ਦੀ ਮਾਨਤਾ ਪੱਧਰ (ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ) ਅਨੁਸਾਰ ਸਮਰੱਥ ਅਧਿਕਾਰੀ ਤੋਂ ਪ੍ਰਾਪਤ ਕਰਨੀ ਹੋਵੇਗੀ।

<u>ਮਾਨਤਾ ਸਬੰਧੀ ਦਸਤਾਵੇਜ਼ਾਂ ਦੀ ਸੂਚੀ -</u>

i. <u>ਬਿਲਡਿੰਗ ਸਬੰਧੀ ਸਰਟੀਫਿਕੇਟ</u> :

(ੳ) ਕਮਰਿਆਂ ਦੀ ਗਿਣਤੀ ਸਕੂਲ ਵਿੱਚ ਵਿਦਿਆਰਥੀਆਂ ਦੇ ਸੈਕਸ਼ਨਾਂ ਦੇ ਬਰਾਬਰ ਹੋਣੀ ਜ਼ਰੂਰੀ ਹੈ। ਸਕੂਲ ਅੰਦਰ ਕਮਰਿਆਂ ਦੀ ਗਿਣਤੀ ਕੁੱਲ ਸੈਕਸ਼ਨਾਂ ਦੇ ਬਰਾਬਰ + ਹੋਰ ਲੋੜੀਦੇ ਕਮਰੇ, ਜਿਵੇਂ ਮੁੱਖ ਅਧਿਆਪਕ, ਸਾਇੰਸ ਲੈਬਾਂ, ਕੰਪਿਊਟਰ ਲੈਬਾਂ ਆਦਿ।

(ਅ) ਵਿਦਿਆਰਥੀਆਂ ਦੀ ਲੋੜ ਅਨੁਸਾਰ ਲੋੜੀਦੇ ਫਰਨੀਚਰ,

(ੲ) ਸਕੂਲ ਵਿੱਚ ਖੇਡ ਦਾ ਮੈਦਾਨ ਹੋਣ ਅਤੇ ਖੇਡਾਂ ਦੇ ਸਮਾਨ ਦੀ ਸੂਚੀ।

ii. <u>ਦਾਖਲਾ ਖਾਰਜ ਰਜਿਸਟਰ ਅਤੇ ਪੀ.ਟੀ.ਏ. ਕਮੇਟੀ</u> :

(ੳ) ਦਾਖਲਾ ਖਾਰਜ ਰਜਿਸਟਰ ਅਨੁਸਾਰ ਵਿਦਿਆਰਥੀਆਂ ਦੇ ਪੂਰੇ ਵੇਰਵੇ ਪਤੇ ਦੀ ਲਿਸਟ ਕਲਾਸ ਵਾਈਜ਼ ਨਾਲ ਨੱਥੀ ਕੀਤੀ ਜਾਵੇ।

(ਅ) ਸਕੂਲ ਵਿੱਚ ਪੀ.ਟੀ.ਏ ਸੰਸਥਾ ਬਣੇ ਹੋਣ ਬਾਰੇ ਸਬੂਤ ਨੱਥੀ ਕੀਤਾ ਜਾਵੇ, ਮੈਂਬਰਾਂ ਦੀ ਲਿਸਟ ਅਤੇ ਮੈਨੇਜਮੈਂਟ ਦੇ ਸੰਵਿਧਾਨ ਦੀ ਕਾਪੀ ਵੀ ਨਾਲ ਲਗਾਈ ਜਾਵੇ।

Scanned by CamScanner

iii. ਫਿਜਿਕਸ, ਕੈਮਿਸਟਰੀ ਅਤੇ ਬਾਇਲੋਜੀ ਸਬੰਧੀ ਵੱਖੋ ਵੱਖਰੀਆਂ ਪ੍ਰਯੋਗਸ਼ਾਲਾਵਾਂ ਹੋਣ ਸਬੰਧੀ ਜ਼ਿਲ੍ਹਾ ਸਿੱਖਿਆ ਅਫਸਰ ਵੱਲੋ ਤਸਦੀਕ ਕੀਤਾ ਗਿਆ ਸਰਟੀਫਿਕੇਟ। ਪ੍ਰਯੋਗਸ਼ਾਲਾਵਾਂ ਦੇ ਅੰਦਰ ਸਾਇੰਸ ਦਾ ਸਾਮਾਨ ਜਿਸ ਬੋਰਡ ਦੀ ਮਾਨਤਾ/ ਐਫੀਲੀਏਸ਼ਨ ਲਈ ਜਾਣੀ ਹੈ ਉਸ ਦੇ ਸਿਲੇਬਸ ਅਨੁਸਾਰ ਹੋਣਾ ਚਾਹੀਦਾ ਹੈ। ਜ਼ਿਲ੍ਹਾ ਸਿੱਖਿਆ ਅਫਸਰ ਇਸ ਸਾਇੰਸ ਦੇ ਸਮਾਨ ਦੀ ਤਸਦੀਕੀ ਕੰਪੀਟੈਂਟ ਅਥਾਰਟੀ (ਮਿਡਲ/ ਮੈਟ੍ਰਿਕ ਪੱਧਰ ਤੱਕ ਸਾਇੰਸ ਮਾਸਟਰ, ਸੀਨੀਅਰ ਸਕੈਂਡਰੀ ਪੱਧਰ ਤੱਕ ਸਬੰਧਤ ਸਾਇੰਸ ਲੈਕਚਰਾਰਾਂ) ਰਾਹੀ ਕਰਵਾਵੇ।

iv. <u>ਕੰਪਿਊਟਰ ਸਿੱਖਿਆ</u> –

ਇੱਕ ਸਾਇੰਸ ਲੈਬ ਵਿੱਚ 20 ਕੰਪਿਊਟਰ ਹੋਣੇ ਯਕੀਨੀ ਬਣਾਏ ਜਾਣ ਤਾਂ ਜੋ ਇੱਕ ਕੰਪਿਊਟਰ ਤੇ ਵੱਧ ਤੋ ਵੱਧ ਦੋ ਵਿਦਿਆਰਥੀ ਬੈਠ ਕੇ ਕੰਪਿਊਟਰ ਸਿੱਖ ਸਕਣ। ਸਕੂਲ ਅੰਦਰ ਕੰਪਿਊਟਰ ਲੈਬਾਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੋਵੇਗੀ :

320 ਵਿਦਿਆਰਥੀਆਂ ਲਈ ਇੱਕ ਕੰਪਿਊਟਰ ਲੈਬ, 320 ਤੋ 640 ਵਿਦਿਆਰਥੀਆਂ ਤੱਕ ਦੋ ਕੰਪਿਊਟਰ ਲੈਬਾਂ ਅਤੇ 640 ਤੋਂਜ਼ 960 ਤੱਕ ਤਿੰਨ ਕੰਪਿਊਟਰ ਲੈਬਾਂ ਅਤੇ ਜੇਕਰ ਵਿਦਿਆਰਥੀਆਂ ਦੀ ਗਿਣਤੀ ਜ਼ਿਆਦਾ ਹੈ ਤਾਂ ਲੈਬਾਂ ਦੀ ਗਿਣਤੀ ਵੀ ਉਕਤ ਅਨੁਪਾਤ ਮੁਤਾਬਿਕ ਹੀ ਹੋਵੇਗੀ।

v. <u>ਫਾਇਰ ਸੇਫਟੀ ਸਰਟੀਫਿਕੇਟ</u> :

ਸਮਰੱਥ ਅਧਿਕਾਰੀ ਤੋ ਵੈਧ ਸਰਟੀਫਿਕੇਟ ਨੱਥੀ ਕੀਤਾ ਜਾਵੇ ਅਤੇ ਸਮੇ ਸਮੇ ਸਿਰ ਮਿਆਦ ਖਤਮ ਹੋਣ ਦੀ ਮਿਤੀ ਤੋ ਤੁਰੰਤ ਬਾਅਦ ਇਸ ਨੂੰ ਰੀਨਿਊ ਕਰਵਾਇਆ ਜਾਵੇ। ਜੇਕਰ ਫਾਇਰ ਸੇਫਟੀ ਸਰਟੀਫਿਕੇਟ ਸਮੇ ਸਿਰ ਰੀਨਿਊ ਨਹੀ ਕਰਵਾਇਆ ਜਾਂਦਾ ਤਾਂ ਉਸ ਦਾ ਜੁਰਮਾਨਾ ਹੇਠ ਲਿਖੇ ਅਨੁਸਾਰ ਹੋਵੇਗਾ :

(ੳ) ਮਿਆਦ ਖਤਮ ਹੋਣ ਦੀ ਮਿਤੀ (31 ਮਾਰਚ) ਤੋ ਇੱਕ ਮਹੀਨੇ ਤੱਕ ਜੁਰਮਾਨਾ 2000 ਰੁਪਏ ਹੋਵੇਗਾ।

(ਅ) ਮਿਆਦ ਖਤਮ ਹੋਣ ਦੀ ਮਿਤੀ (31 ਮਾਰਚ) ਤੋ ਦੋ ਮਹੀਨੇ ਤੱਕ ਜੁਰਮਾਨਾ 4000 ਰੁਪਏ ਹੋਵੇਗਾ।

(ੲ) ਮਿਆਦ ਖਤਮ ਹੋਣ ਦੀ ਮਿਤੀ (31 ਮਾਰਚ) ਤੋ ਤਿੰਨ ਮਹੀਨੇ ਤੱਕ ਜੁਰਮਾਨਾ 6000 ਰੁਪਏ ਹੋਵੇਗਾ।

(ਸ) ਜੇਕਰ ਮਿਆਦ ਖਤਮ ਹੋਣ ਦੀ ਮਿਤੀ ਤੋ ਤਿੰਨ ਮਹੀਨੇ ਤੱਕ ਵੀ ਫਾਇਰ ਸੇਫਟੀ ਸਰਟੀਫਿਕੇਟ ਰੀਨਿਊ ਨਹੀ ਕਰਵਾਇਆ ਜਾਂਦਾ ਤਾਂ ਇਸ ਉਪਰੰਤ ਸਬੰਧਤ ਸਕੂਲ ਦੀ ਰੀਕੁਗਨਾਈਜੇਸ਼ਨ/ਐਨ. ਓ. ਸੀ ਰੱਦ ਕੀਤਾ ਜਾਵੇਗਾ।

Scanned by CamScanner
Scanned by CamScanner

vi. ਰਿਜ਼ਰਵ ਮਨੀ :

(ੳ) ਸਕੂਲ ਦੇ ਵਿਦਿਆਰਥੀਆਂ ਅਤੇ ਟੀਚਿੰਗ ਸਟਾਫ ਦੇ ਅਨੁਪਾਤ ਸਬੰਧੀ ਸਰਟੀਫਿਕੇਟ ਦਿੱਤਾ ਜਾਵੇ। ਇਹ ਅਨੁਪਾਤ ਹੇਠ ਲਿਖੇ ਅਨੁਸਾਰ ਹੋਵੇਗਾ, ਪਹਿਲੀ ਤੋਂ 8ਵੀ ਤੱਕ 35 : 1, (ਆਰ. ਟੀ. ਈ. ਤਹਿਤ) ਹਾਈ ਪੱਧਰ ਤੱਕ 40 : 1 ਅਤੇ ਸੀਨੀਅਰ ਸਕੈਂਡਰੀ ਪੱਧਰ ਲਈ 50 : 1 ਹੈ। ਇਹ ਅਨੁਪਾਤ ਸੀ. ਬੀ. ਐਸ. ਈ./ ਆਈ. ਸੀ. ਐਸ. ਈ. ਦੇ ਐਨ. ਓ. ਸੀ. ਵਾਸਤੇ ਸਬੰਧਤ ਬੋਰਡਾਂ ਦੇ ਨਿਯਮਾਂ ਅਨੁਸਾਰ ਹੋਵੇਗਾ।

ਨਾਨ ਟੀਚਿੰਗ ਸਟਾਫ ਹੇਠ ਲਿਖੇ ਅਨੁਸਾਰ ਹੋਵੇਗਾ :-

ਪ੍ਰਾਇਮਰੀ ਪੱਧਰ ਲਈ 1 ਕਰਮਚਾਰੀ, ਮਿਡਲ ਪੱਧਰ ਲਈ 1 ਕਰਮਚਾਰੀ, ਮੈਟ੍ਰਿਕ ਪੱਧਰ ਲਈ 3 ਕਰਮਚਾਰੀ ਅਤੇ ਸੀਨੀਅਰ ਸਕੈਂਡਰੀ ਪੱਧਰ ਲਈ 6 ਕਰਮਚਾਰੀ ਹੋਣਗੇ।

(ਅ) ਸਕੂਲ ਦਾ ਸਟਾਫ ਸਿੱਖਿਆ ਵਿਭਾਗ, ਪੰਜਾਬ ਦੇ ਨਿਯਮਾਂ ਅਨੁਸਾਰ ਨਿਪੁੰਨ ਹੋਣਾ ਚਾਹੀਦਾ ਹੈ, ਉਨ੍ਹਾਂ ਨੂੰ ਤਨਖਾਹ ਸਰਕਾਰੀ ਅਧਿਆਪਕਾਂ ਦੀ ਬੇਸਿਕ ਪੇ ਪਲੱਸ ਗ੍ਰੇਡ ਪੇ ਦੇ ਬਰਾਬਰ ਚੈਕਾਂ ਰਾਹੀ ਬੈਂਕ ਖਾਤੇ ਵਿੱਚ ਜਮ੍ਹਾਂ ਕਰਵਾਉਣ ਜਾਂ ਆਨ ਲਾਈਨ ਦੇਣ ਸਬੰਧੀ ਸਰਟੀਫਿਕੇਟ, ਅਧਿਆਪਕਾਵਾਂ ਦੀਆਂ ਯੋਗਤਾਵਾਂ ਦੇ ਸਰਟੀਫਿਕੇਟ ਅਤੇ ਐਗਰੀਮੈਂਟਾਂ ਦੀਆਂ ਕਾਪੀਆਂ ਨੱਥੀ ਕੀਤੀਆਂ ਜਾਣ।

(ੲ) ਰਿਜ਼ਰਵ ਮਨੀ ਦੀ ਰਾਸ਼ੀ ਸਕੂਲ ਵਿੱਚ ਕੰਮ ਕਰ ਰਹੇ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ ਦੇ ਛੇ ਮਹੀਨਿਆਂ ਦੀ ਤਨਖਾਹ ਦੇ ਬਰਾਬਰ ਬਣਦੀ ਹੋਵੇ।(ਮੁੱਢਲੀ ਤਨਖਾਹ + ਗਰੇਡ ਪੇਅ)।

(ਸ) ਸਕੂਲ ਦੀ ਰਿਜ਼ਰਵ ਫੰਡ ਦੀ ਬਣਦੀ ਰਾਸ਼ੀ ਲੜੀ ਨੰ: ੳ, ਅ ਅਤੇ ੲ ਅਨੁਸਾਰ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ ਇਸ ਮੰਤਵ ਲਈ ਖੋਲੇ ਸਰਕਾਰੀ ਅਕਾਊਂਟ ਵਿੱਚ ਜਮ੍ਹਾਂ ਕਰਵਾਏਗਾ।

vii. ਲਾਇਬ੍ਰੇਰੀ :

(ੳ) ਸਕੂਲ ਦੀ ਲਾਇਬ੍ਰੇਰੀ ਵਿੱਚ ਹੇਠ ਲਿਖੇ ਅਨੁਸਾਰ ਕਿਤਾਬਾਂ ਮੌਜੂਦ ਹਨ :-

i. ਪ੍ਰਾਇਮਰੀ ਲਈ 1000
ii. ਮਿਡਲ ਲਈ 2000
iii. ਮੈਟ੍ਰਿਕ ਲਈ 3000
iv. ਸੀਨੀਅਰ ਸਕੈਂਡਰੀ ਲਈ 4000

viii. ਸਕੂਲ ਦੇ ਆਮਦਨ ਅਤੇ ਖਰਚੇ ਦੀ ਸੀ. ਏ. ਵੱਲੋਂ ਤਿਆਰ ਕੀਤੀ ਲਾਸਟ ਬੈਲੈਂਸ ਸ਼ੀਟ (Last Balance Sheet) ਅਸਲ ਰੂਪ ਵਿੱਚ ਨੱਥੀ ਕੀਤੀ ਜਾਵੇ।

ix. ਸਕੂਲ ਐਜੂਕੇਸ਼ਨ ਕੋਡ ਦੀ ਧਾਰਾ 232,233 ਵਿੱਚ ਦਰਜ ਸ਼ਰਤਾਂ ਪੂਰੀਆਂ ਕਰਦਾ ਹੈ।

Scanned by CamScanner
Scanned by CamScanner

7

x. ਐਕਸਟਰਾ ਕਰੀਕੁਲਰ ਐਕਟੀਵਿਟੀ

(ੳ) ਸਕੂਲ ਵਿੱਚ ਐਕਸਟਰਾ ਕਰੀਕੁਲਰ ਐਕਟੀਵਿਟੀ ਵਿੱਚ ਵਿਦਿਆਰਥੀ ਇੱਕ ਜਾਂ ਇੱਕ ਤੋਂ ਵੱਧ ਐਕਟਿਵਿਟੀ ਵਿੱਚ ਭਾਗ ਲੈਂਦੇ ਹਨ ਬਾਰੇ ਸਰਟੀਫਿਕੇਟ ਸਬੰਧਤ ਜਿਲਾ ਸਿੱਖਿਆ ਅਫਸਰ ਤਸਦੀਕ ਕਰਕੇ ਨੱਥੀ ਕਰਨਗੇ -

(a) debates; (b) recitation or elocution; (c) dramatics; (d) music (including folk songs), dancing (including folk dances); (e) hobbies of different types; (f) house system; (g) prefectorial system; (h) class competition; (i) National Cadet Corps / National Social Service; (j) scouts and guides/cubs and bulbuls; (k) Science clubs (l) Eco labs/clubs; (m) activities providing for social services; and (n) any other co-curricular activity.

(6) ਐਨ.ਓ.ਸੀ. ਜਾਰੀ ਕਰਨ ਸਬੰਧੀ ਲੋੜੀਂਦੇ ਦਸਤਾਵੇਜ -

ਐਨ.ਉ.ਸੀ. ਕੇਵਲ ਉਸ ਪੱਧਰ ਦੀ ਹੀ ਜਾਰੀ ਕੀਤੀ ਜਾਵੇਗੀ ਜਿਸ ਪੱਧਰ ਦੀ ਸਕੂਲ ਕੋਲ ਮਾਨਤਾ ਹੋਵੇਗੀ।

ੳ) ਸਮਰੱਥ ਅਧਿਕਾਰੀ ਤੋਂ ਜਾਰੀ ਰੈਕੋਗਨੀਸ਼ਨ (ਮਾਨਤਾ) ਦੀ ਕਾਪੀ।

ਅ) ਸਮਰੱਥ ਅਧਿਕਾਰੀ ਤੋਂ ਜਾਰੀ ਬਿਲਡਿੰਗ ਸੇਫਟੀ ਸਰਟੀਫਿਕੇਟ ਅਤੇ ਫਾਇਰ ਸੇਫਟੀ ਸਰਟੀਫਿਕੇਟ ਦੇ ਵੈਧ ਸਰਟੀਫਿਕੇਟ ਦੀਆਂ ਕਾਪੀਆਂ ਨੱਥੀ ਕੀਤੀਆਂ ਜਾਣ।

ੲ) ਮੌਜੂਦਾ ਵਿਦਿਆਰਥੀਆਂ ਦੀ ਗਿਣਤੀ ਸ਼੍ਰੇਣੀ ਵਾਈਜ਼ ਅਤੇ ਕੁੱਲ।

ਸ) ਮੌਜੂਦਾ ਸਕੂਲ ਵਿੱਚ ਕੰਮ ਕਰਦੇ ਕਰਮਚਾਰੀਆਂ (ਟੀਚਿੰਗ + ਨਾਨ ਟੀਚਿੰਗ) ਦੀ ਗਿਣਤੀ ਅਤੇ ਸਟੇਟਮੈਂਟ।

ਹ) ਅਧਿਆਪਕਾਂ ਦੀ ਗਿਣਤੀ ਮੁਤਾਬਿਕ ਬਕਾਇਆ ਰਿਜਰਵ ਮਨੀ।

ਕ) ਸਕੂਲ ਦੇ ਆਮਦਨ ਅਤੇ ਖਰਚੇ ਦੀ ਸੀ. ਏ. ਵੱਲੋਂ ਤਿਆਰ ਕੀਤੀ ਲਾਸਟ ਬੈਲੈਂਸ ਸ਼ੀਟ (Last Balance Sheet) ਅਸਲ ਰੂਪ ਵਿੱਚ ਨੱਥੀ ਕੀਤੀ ਜਾਵੇ।

(7) ਲੜੀ ਨੰ: 1 ਤੋਂ ਲੈ ਕੇ 6 ਤੱਕ ਨੱਥੀ ਸਾਰੇ ਦਸਤਾਵੇਜ਼ਾਂ ਨੂੰ ਸਬੰਧਤ ਜ਼ਿਲ੍ਹੇ ਦਾ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ/ਐ:ਸਿ) ਵੈਰੀਫਾਈ ਕਰਨ ਉਪਰੰਤ ਤਸਦੀਕ ਕਰਕੇ ਨਾਲ ਲਗਾਉਣ ਲਈ ਪਾਬੰਦ ਹੋਵੇਗਾ।

Scanned by CamScanner
Scanned by CamScanner

(8) ਦੰਡ ਦਾ ਪ੍ਰਬੰਧ - ਇਹਨਾਂ ਹਦਾਇਤਾਂ ਦੀ ਕਿਸੇ ਵੀ ਸਟੇਜ ਤੇ ਕਿਸੇ ਸਕੂਲ ਵੱਲੋਂ ਉਲੰਘਣਾ ਪਾਏ ਜਾਣ ਦੀ ਸੂਰਤ ਵਿੱਚ ਉਸ ਸਕੂਲ ਵਿਰੁੱਧ ਹੇਠ ਅਨੁਸਾਰ ਕਾਰਵਾਈ ਕੀਤੀ ਜਾ ਸਕਦੀ ਹੈ -

ੳ) ਪਹਿਲੀ ਵਾਰ ਉਲੰਘਣਾ ਸਾਬਿਤ ਹੋਣ ਤੇ ਪ੍ਰੋਸੈਸਿੰਗ ਫੀਸ ਤੋਂ ਦੁਗਣੀ ਰਾਸ਼ੀ ਦਾ ਜੁਰਮਾਨਾ ਹੋਵੇਗਾ।

ਅ) ਦੂਜੀ ਵਾਰ ਉਲੰਘਣਾ ਸਾਬਿਤ ਹੋਣ ਤੇ ਉਕਤ '8 (ੳ)' ਜੁਰਮਾਨੇ ਨਾਲੋਂ ਦੁਗਣਾ ਜੁਰਮਾਨਾ ਹੋਵੇਗਾ।

ੲ) ਤੀਜੀ ਵਾਰ ਉਲੰਘਣਾ ਸਾਬਿਤ ਹੋਣ ਤੇ ਦੋਸ਼ੀ ਸਕੂਲ ਦੀ ਮਾਨਤਾ/ ਐਨ.ਓ.ਸੀ. ਰੱਦ ਕਰਨ ਦੀ ਕਾਰਵਾਈ ਕੀਤੀ ਜਾ ਸਕਦੀ ਹੈ।

ਇਸ ਪ੍ਰਬੰਧ ਅਧੀਨ ਜੁਰਮਾਨੇ ਦੀ ਰਾਸ਼ੀ ਪ੍ਰੋਸੈਸਿੰਗ ਫੀਸ ਵਾਲੇ ਹੈੱਡ ਵਿੱਚ ਜਮ੍ਹਾਂ ਹੋਵੇਗੀ।

(9) ਇਹ ਹਦਾਇਤਾਂ ਪ੍ਰਾਈਵੇਟ ਸਕੂਲਾਂ ਨੂੰ ਸੀ.ਬੀ.ਐਸ.ਈ./ ਆਈ.ਸੀ.ਐਸ.ਈ. ਨਾਲ ਐਫੀਲੀਏਸ਼ਨ ਲੈਣ ਲਈ ਪਹਿਲਾਂ ਜਾਰੀ ਹਦਾਇਤਾਂ ਨੂੰ ਸੁਪਰਸੀਡ ਕਰਨਗੀਆਂ।

ਸਕੱਤਰ ਸਕੂਲ ਸਿੱਖਿਆ

ਪਿੱਠ ਅੰਕਣ ਨੰ. 2/93/2009-3ਸਿ3/ ਮਿਤੀ, ਚੰਡੀਗੜ੍ਹ.

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ -

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ, 5ਵੀਂ ਮੰਜਿਲ, ਪੰਜਾਬ ਸਕੂਲ ਐਜੂਕੇਸ਼ਨ ਬੋਰਡ ਕੰਪਲੈਕਸ, ਫੇਜ - 8, ਮੋਹਾਲੀ।
2. ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ ਐਟ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਕੰਪਲੈਕਸ, ਫੇਜ - 8, ਮੋਹਾਲੀ।

ਸਕੱਤਰ ਸਕੂਲ ਸਿੱਖਿਆ

Scanned by CamScanner
Scanned by CamScanner